ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ: 2155 ਸ.1/ਕਾਲਜ
ਮਿਤੀ: 18/10/24

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ
ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ

ਵਿਸ਼ਾ: ਪਿਛਲੇ ਅਕਾਦਮਿਕ ਸੈਸ਼ਨ 2023-24 ਦੌਰਾਨ ਐਂਟਰੀ ਪੁਆਇੰਟ (ਭਾਗ ਪਹਿਲਾ) ਦੇ ਕੋਰਸਾਂ ਦੀਆਂ ਬਿਨ੍ਹਾਂ ਲੇਟ ਦਾਲਾ ਫੀਸ, ਦਾਖਲਾ ਮਿਤੀਆਂ ਦਾ ਵਾਧਾ ਹੋ ਜਾਣ ਤੇ ਸਬੰਧਤ ਕਾਲਜਾਂ ਵੱਲੋ ਪਹਿਲਾਂ ਜਮ੍ਹਾਂ ਕਰਵਾਈਆ ਲੇਟ ਦਾਖਲਾ ਫੀਸਾਂ ਦੀ ਐਡਜਸਟਮੈਂਟ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋ ਹੋਏ ਆਦੇਸ਼ਾਂ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਪਿਛਲੇ ਅਕਾਦਮਿਕ ਸੈਸ਼ਨ 2023-24 ਦੌਰਾਨ, ਐਂਟਰੀ ਪੁਆਇੰਟ (ਭਾਗ ਪਹਿਲਾ) ਦੇ ਕੋਰਸਾਂ ਦੀਆਂ ਬਿਨ੍ਹਾਂ ਲੇਟ ਦਾਖਲਾ ਫੀਸ, ਦਾਖਲਾ ਮਿਤੀਆਂ ਦਾ ਵਾਧਾ ਹੋ ਜਾਣ ਤੇ ਕਾਲਜਾਂ ਵੱਲੋ ਜਿਨ੍ਹੇਂ ਵਿਦਿਆਰਥੀਆਂ ਤੋ ਪਹਿਲਾ ਜਾਰੀ ਸ਼ਡਿਊਲ ਅਨੁਸਾਰ ਲੇਟ ਦਾਖਲਾ ਫੀਸ ਲੈ ਲਈ ਗਈ ਸੀ ਪ੍ਰੰਤੂ ਬਾਅਦ ਵਿੱਚ ਯੂਨੀਵਰਸਿਟੀ ਵੱਲੋ ਜਾਰੀ ਸਰਕੂਲਰ ਅਨੁਸਾਰ ਬਿਨ੍ਹਾਂ ਲੇਟ ਦਾਖਲਾ ਫੀਸ, ਦਾਖਲਾ ਮਿਤੀਆਂ ਦਾ ਵਾਧਾ ਹੋ ਗਿਆ ਸੀ, ਅਜਿਹੇ ਕੇਸਾਂ ਦੇ ਸਬੰਧ ਵਿੱਚ, ਜਿਹੜੇ ਕਾਲਜਾਂ ਦੀ ਸੈਸ਼ਨ 2023-24 ਦੀ ਐਂਟਰੀ ਪੁਆਇੰਟ (ਭਾਗ ਪਹਿਲਾ) ਦੀ ਲੇਟ ਦਾਖਲਾ ਫੀਸਾਂ ਦੀ ਐਡਜਸਟਮੈਂਟ ਅਜੇ ਰਹਿੰਦੀ ਹੈ ਉਨ੍ਹਾਂ ਕਾਲਜਾਂ ਵੱਲੋ ਲੇਟ ਫੀਸ ਐਡਜਸਟਮੈਂਟ ਵਾਲੇ ਵਿਦਿਆਰਥੀਆਂ ਦੇ ਨਾਵਾਂ ਦੀ ਸੂਚੀ ਸਮੇਤ, ਕਾਲਜ ਵੱਲੋ ਭਰਵਾਈ ਗਈ ਲੇਟ ਦਾਖਲਾ ਫੀਸ ਦੀ ਸਮੁੱਚੀ detail ਦੀ ਇੱਕ ਕਾਪੀ ਯੂਨੀਵਰਸਿਟੀ ਦੀ ਲੇਖਾ ਸ਼ਾਖਾ-2 ਵਿਖੇ ਅਤੇ ਇੱਕ ਕਾਪੀ ਕਾਲਜ ਸੈਕਸ਼ਨ ਵਿਖੇ ਪੱਤਰ ਜ਼ਾਰੀ ਹੋਣ ਤੋ 10 ਦਿਨਾਂ ਦੇ ਅੰਦਰ-ਅੰਦਰ ਭੇਜ਼ੀ ਜਾਵੇ ਜੀ।

ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਾਲਜ ਵੱਲੋ ਰਿਕਾਰਡ ਅਧੂਰਾ ਭੇਜਿਆ ਜਾਂਦਾ ਹੈ ਤਾਂ ਲੇਟ ਦਾਖਲਾ ਫੀਸ ਦੀ ਐਡਜਸਟਮੈਂਟ ਵਿੱਚ ਦੇਰੀ ਹੋਣ ਜਾਂ ਐਡਜਸਟਮੈਂਟ ਨਾ ਹੋ ਸਕਣ ਦੀ ਸੂਰਤ ਵਿੱਚ ਸਬੰਧਤ ਕਾਲਜ ਜਿੰਮੇਵਾਰ ਹੋਵੇਗਾ।

16/10/2024

ਡੀਨ, ਕਾਲਜ ਵਿਕਾਸ ਕੌਂਸਲ